# ਤੁਹਾਨੂੰ ਕੀ ਜਾਣਨ ਦੀ ਲੋੜ ਹੈ
# ਵੈਨਕੂਵਰ ਦੀ ਸਰਕਾਰੀ ਡਿਵੈਲਪਮੈਂਟ ਪਲੈਨ (ਓ ਡੀ ਪੀ)

ਸਾਲ 2024 ਵਿੱਚ ਸੂਬੇ ਨੇ ਨਵਾਂ ਕਾਨੂੰਨ (ਬਿੱਲ 18) ਪੇਸ਼ ਕੀਤਾ ਜੋ ਵੈਨਕੂਵਰ ਸਿਟੀ ਤੋਂ ਇਕ ਸਿੰਗਲ ਸ਼ਹਿਰ-ਵਿਆਪੀ ਸਰਕਾਰੀ ਡਿਵੈਲਪਮੈਂਟ ਪਲੈਨ (ਓ ਡੀ ਪੀ) ਬਣਾਉਣ ਦੀ ਮੰਗ ਕਰੇਗਾ। ਤੁਸੀਂ ਸ਼ਾਇਦ ਪਹਿਲਾਂ ਹੀ ਵੈਨਕੂਵਰ ਪਲੈਨ (2022) ਬਾਰੇ ਸੁਣਿਆ ਹੋ ਸਕਦਾ ਹੈ, ਜੋ ਕਿ ਹਰ ਇੱਕ ਲਈ ਜ਼ਿਆਦਾ ਰਹਿਣਯੋਗ, ਵਾਰਾ ਖਾਣ ਯੋਗ ਅਤੇ, ਕਾਇਮ ਰਹਿਣ ਯੋਗ ਸ਼ਹਿਰ ਬਣਾਉਣ ਲਈ ਸ਼ਹਿਰ ਦਾ ਢਾਂਚਾ ਹੈ। **ਵੈਨਕੂਵਰ ਓ ਡੀ ਪੀ ਵੈਨਕੂਵਰ ਪਲੈਨ `ਤੇ ਬਣਾਈ ਗਈ ਹੈ, ਜੋ ਉਹ ਚੀਜ਼ ਜੋੜਦੀ ਹੈ ਜਿਸ ਦੀ ਸੂਬਾਈ ਕਾਨੂੰਨ ਦਾ ਹੁੰਗਾਰਾ ਭਰਨ ਅਤੇ ਕੌਂਸਲ ਪ੍ਰਵਾਨਿਤ ਨੀਤੀਆਂ ਦਾ ਅਕਸ ਦਿਖਾਉਣ ਲਈ ਲੋੜ ਹੈ। ਤੁਹਾਨੂੰ ਇਹ ਜਾਣਨ ਦੀ ਲੋੜ ਹੈ।**

### ਕਾਨੂੰਨੀ ਮੰਗਾਂ

ਬਿੱਲ 18 ਅਧੀਨ, ਸਾਡੇ ਕੋਲ 30 ਜੂਨ, 2026 ਤੱਕ ਸ਼ਹਿਰ-ਵਿਆਪੀ ਮੁਢਲੀ ਓ ਡੀ ਪੀ ਹੋਣਾ ਜ਼ਰੂਰੀ ਹੈ, ਅਤੇ 30 ਜੂਨ, 2030 ਤੱਕ ਮੌਜੂਦਾ ਖੇਤਰ-ਵਿਸ਼ੇਸ਼ ਓ ਡੀ ਪੀਜ਼ ਨੂੰ ਇਕ ਸਿੰਗਲ ਸ਼ਹਿਰ-ਵਿਆਪੀ ਓ ਡੀ ਪੀ ਵਿੱਚ ਸ਼ਾਮਲ ਕਰਨਾ ਜ਼ਰੂਰੀ ਹੈ। ਸਿਟੀ ਕੋਲ ਇਸ ਵੇਲੇ 11 ਖੇਤਰ-ਵਿਸ਼ੇਸ਼ ਓ ਡੀ ਪੀਜ਼ ਹਨ, ਅਤੇ ਨਾਲ ਹੀ ਤਿੰਨ ਸ਼ਹਿਰ-ਵਿਆਪੀ ਅਤੇ ਵਿਸ਼ਾ-ਸੰਬੰਧਿਤ (ਸਬਜੈਕਟ-ਰੀਲੇਟਿਡ) ਓ ਡੀ ਪੀਜ਼ ਹਨ, ਜਿਨ੍ਹਾਂ ਨੂੰ ਨਵੀਂ ਵੈਨਕੂਵਰ ਓ ਡੀ ਪੀ ਹੇਠ ਇਕੱਠਾ ਕਰ ਦਿੱਤਾ ਜਾਵੇਗਾ।

ਇਸ ਤੋਂ ਇਲਾਵਾ, ਬਿੱਲ 18 ਉਨ੍ਹਾਂ ਪ੍ਰੋਜੈਕਟਾਂ ਲਈ ਜਨਤਕ ਸੁਣਵਾਈਆਂ 'ਤੇ ਰੋਕ ਲਗਾਉਂਦਾ ਹੈ ਜੋ ਓ ਡੀ ਪੀ ਦੇ ਅਨੁਸਾਰ ਹਨ ਅਤੇ ਜਿਨ੍ਹਾਂ ਵਿੱਚ ਘੱਟੋ-ਘੱਟ 50% ਰਿਹਾਇਸ਼ੀ ਘਰ ਹਨ। ਉਨ੍ਹਾਂ ਪ੍ਰੋਜੈਕਟਾਂ ਲਈ ਜਨਤਕ ਸੁਣਵਾਈਆਂ ਜਾਰੀ ਰਹਿਣਗੀਆਂ ਜਿਹੜੇ ਓ ਡੀ ਪੀ ਮੁਤਾਬਕ ਨਹੀਂ ਹਨ। ਕੌਂਸਲ ਨੇ 10 ਜੁਲਾਈ, 2024 ਨੂੰ ਬਿੱਲ 18 ਦੇ ਹਿੱਸਿਆਂ ਨੂੰ ਲਾਗੂ ਕਰਨ ਲਈ ਸ਼ਹਿਰ ਦੇ ਪ੍ਰੋਸੀਜਰ ਬਾਈ-ਲਾਅ ਵਿੱਚ ਸੋਧਾਂ ਕਰਨ ਵਾਲੀ ਸਟਾਫ ਦੀ ਰਿਪੋਰਟ ਨੂੰ ਅਪਣਾਇਆ, ਜੋ ਇੱਥੇ ਦੇਖੀ ਜਾ ਸਕਦੀ ਹੈ।

ਇਹ ਪਤਾ ਲਾਉਣ ਲਈ ਕਿ ਕੀ ਕੋਈ ਐਪਲੀਕੇਸ਼ਨ ਓ ਡੀ ਪੀ ਦੇ ਅਨੁਸਾਰ ਹੈ, ਮੁੱਖ ਸਾਧਨ ਜਨਰਲਾਈਜ਼ਡ ਲੈਂਡ ਯੂਜ਼ (ਜੀ ਐੱਲ ਯੂ) ਮੈਪ ਅਤੇ ਸੰਬੰਧਿਤ ਲੈਂਡ ਯੂਜ਼ ਦੇ ਦਰਜੇ ਹੋਣਗੇ, ਜੋ ਕਿ ਇਹ ਦਿਖਾਉਣਗੇ ਕਿ ਮੌਜੂਦਾ ਜ਼ੋਨਿੰਗ ਅਤੇ ਰੀਜ਼ੋਨਿੰਗ ਨੀਤੀਆਂ ਹੇਠ ਕਿੱਥੇ ਕੀ ਬਣਾਇਆ ਜਾ ਸਕਦਾ ਹੈ।

### ਪ੍ਰੋਜੈਕਟ ਦੀ ਟਾਈਮਲਾਈਨ

ਵੈਨਕੂਵਰ ਓ ਡੀ ਪੀ ਬਣਾਉਣ ਦੇ ਕੰਮ ਵਿੱਚ ਹੇਠ ਲਿਖੇ ਮੁੱਖ ਪੜਾਅ ਸ਼ਾਮਲ ਹੋਣਗੇ:

- ਓ ਡੀ ਪੀ ਦੀ ਤਿਆਰੀ (ਗਰਮੀਆਂ 2024 - ਲੇਟ 2025)
- ਜਨਤਕ ਰਿਵੀਊ ਲਈ ਓ ਡੀ ਪੀ ਦਾ ਖਰੜਾ (ਲੇਟ 2025)
- ਓ ਡੀ ਪੀ ਦਾ ਪਹਿਲਾ ਰੂਪ (30 ਜੂਨ, 2026 ਤੱਕ ਅਪਣਾਇਆ ਜਾਵੇਗਾ)
- ਓ ਡੀ ਪੀ ਦਾ ਦੂਜਾ ਰੂਪ ਸਾਰੀਆਂ ਮੌਜੂਦਾ ਓ ਡੀ ਪੀਜ਼ ਇਕੱਠਾ ਕਰਦਾ ਹੈ (30 ਜੂਨ, 2030 ਤੱਕ)
- ਹਰ 5 ਸਾਲਾਂ ਬਾਅਦ ਰਿਵੀਊ – ਘਰਾਂ ਦੀ ਲੋੜ ਦੀ ਰਿਪੋਰਟ ਦੇ ਨਾਲ ਨਾਲ ਅਤੇ ਤਾਜ਼ਾ ਅਤੇ ਅਸਰਦਾਰ ਰਹਿਣ ਲਈ ਲੋੜ ਮੁਤਾਬਕ ਅਪਡੇਟ ਕੀਤੀ ਜਾਵੇਗੀ

### ਓ ਡੀ ਪੀ ਕੀ ਹੈ?

ਨਵੀਂ ਵੈਨਕੂਵਰ ਓ ਡੀ ਪੀ ਕਮਿਊਨਟੀ ਲਈ ਇਕ ਲੰਮੇ ਸਮੇਂ ਲਈ ਵਿਜ਼ਨ ਹੋਵੇਗਾ ਜਿਹੜਾ ਅਗਲੇ 20-30 ਸਾਲਾਂ ਅਤੇ ਇਸ ਤੋਂ ਅੱਗੇ ਵਾਧੇ, ਯੋਜਨਾਬੰਦੀ ਅਤੇ ਜ਼ਮੀਨ ਦੀ ਵਰਤੋਂ ਨੂੰ ਸੇਧ ਦੇਵੇਗਾ ਅਤੇ ਰੂਪ-ਰੇਖਾ ਪ੍ਰਦਾਨ ਕਰੇਗਾ। ਇਹ ਸ਼ਹਿਰ ਦੇ ਭਵਿੱਖ ਲਈ ਇਕ ਰੋਡਮੈਪ ਵਰਗਾ ਹੈ। ਅਪਣਾਏ ਜਾਣ ਤੋਂ ਬਾਅਦ, ਬਣਾਏ ਗਏ ਸਾਰੇ ਬਾਈ-ਲਾਅ ਜਾਂ ਕੀਤੇ ਗਏ ਕੰਮ ਪਲੈਨ ਮੁਤਾਬਕ ਹੋਣੇ ਜ਼ਰੂਰੀ ਹਨ।

ਓ ਡੀ ਪੀ ਇਕ ਪੌਲਸੀ ਡਾਕੂਮੈਂਟ ਹੋਵੇਗਾ ਜੋ ਬਾਈ-ਲਾਅ ਨਾਲ ਅਪਣਾਇਆ ਜਾਵੇਗਾ। ਓ ਡੀ ਪੀ ਸ਼ਹਿਰ ਦੇ ਖਾਸ ਆਂਢਾਂ-ਗੁਆਂਢਾਂ ਅਤੇ ਜ਼ੋਨਾਂ ਲਈ ਏਰੀਆ ਪਲੈਨਾਂ ਦੀ ਥਾਂ ਨਹੀਂ ਲਵੇਗੀ।

### ਵੈਨਕੂਵਰ ਪਲੈਨ ਕੀ ਹੈ, ਅਤੇ ਇਹ ਓ ਡੀ ਪੀ ਨਾਲ ਕਿਵੇਂ ਸੰਬੰਧਿਤ ਹੈ?

ਵੈਨਕੂਵਰ ਪਲੈਨ ਸਾਡੇ ਸ਼ਹਿਰ ਵਿੱਚ ਲੰਮੇ ਸਮੇਂ ਦੇ ਵਿਕਾਸ ਨੂੰ ਸੇਧ ਦਿੰਦੀ ਹੈ। ਇਹ ਵਿਆਪਕ ਜਨਤਕ ਸ਼ਮੂਲੀਅਤ ਦੇ ਚਾਰ ਪੜਾਵਾਂ ਅਤੇ ਵੱਖ ਵੱਖ ਵਿਸ਼ਿਆਂ `ਤੇ ਤਕਨੀਕੀ ਕੰਮ ਦਾ ਨਤੀਜਾ ਹੈ ਜਿਵੇਂ ਕਿ ਰਿਹਾਇਸ਼ਾਂ, ਕਲਾ ਅਤੇ ਸਭਿਆਚਾਰ, ਜਲਵਾਯੂ ਅਤੇ ਆਵਾਜਾਈ।

ਪਲੈਨ ਜਨਤਕ ਸ਼ਮੂਲੀਅਤ ਦੇ ਕਾਰਜ ਰਾਹੀਂ ਪਛਾਣੇ ਗਏ ਤਿੰਨ ਵੱਡੇ ਖਿਆਲਾਂ `ਤੇ ਕੇਂਦਰਿਤ ਹੈ:

- ਪੱਖਪਾਤ ਹੀਣ ਰਿਹਾਇਸ਼ਾਂ ਅਤੇ ਮੁਕੰਮਲ ਆਂਢ-ਗੁਆਂਢ,
- ਅਜਿਹੀ ਅਰਥ ਵਿਵਸਥਾ ਜਿਹੜੀ ਸਭ ਲਈ ਕੰਮ ਕਰਦੀ ਹੈ, ਅਤੇ
- ਜਲਵਾਯੂ ਵਿੱਚ ਤਬਦੀਲੀ ਬਾਰੇ ਤੇਜ਼ ਐਕਸ਼ਨ।

ਵੈਨਕੂਵਰ ਪਲੈਨ ਵੈਨਕੂਵਰ ਓ ਡੀ ਪੀ ਵਿੱਚ ਤਬਦੀਲ ਹੋ ਜਾਵੇਗੀ, ਮੌਜੂਦਾ ਤੱਤਾਂ ਨੂੰ ਬਰਕਰਾਰ ਰੱਖਦੇ ਹੋਏ ਅਤੇ ਉਹ ਤੱਤ ਜੋੜਦੇ ਹੋਏ ਜਿਨ੍ਹਾਂ ਦੀ ਸੂਬਾਈ ਕਾਨੂੰਨ ਦਾ ਹੁੰਗਾਰਾ ਭਰਨ ਲਈ ਅਤੇ ਕੌਂਸਲ ਵਲੋਂ ਪ੍ਰਵਾਨਿਤ ਨੀਤੀਆਂ ਦਾ ਅਕਸ ਦਿਖਾਉਣ ਲਈ ਲੋੜ ਹੈ।

### ਕੀ ਓ ਡੀ ਪੀ ਬਾਰੇ ਲੋਕਾਂ ਨਾਲ ਸਲਾਹ-ਮਸ਼ਵਰਾ ਹੋਵੇਗਾ?

ਹਾਂ। ਲੋਕਾਂ ਨੂੰ ਲੇਟ 2025 ਵਿੱਚ ਵੈਨਕੂਵਰ ਓ ਡੀ ਪੀ ਦੇ ਖਰੜੇ `ਤੇ ਵਿਚਾਰ ਅਤੇ ਟਿੱਪਣੀ ਕਰਨ ਦਾ ਮੌਕਾ ਮਿਲੇਗਾ।

ਵੈਨਕੂਵਰ ਓ ਡੀ ਪੀ ਵੈਨਕੂਵਰ ਪਲੈਨ ਦੀ ਲੜੀ ਹੈ, ਜਿਸ ਵਿੱਚ ਲੋਕਾਂ, ਕਮਿਊਨਟੀ ਗਰੁੱਪਾਂ, ਫਸਟ ਨੇਸ਼ਨਜ਼, ਮੈਟਰੋ ਵੈਨਕੂਵਰ ਐਬੋਰਿਜਨਲ ਐਗਜ਼ੈਕਟਿਵ ਕੌਂਸਲ, ਹਿੱਤ ਰੱਖਣ ਵਾਲੀਆਂ ਧਿਰਾਂ, ਅਤੇ ਨਿਆਂ ਤੋਂ ਵੰਜਿਤ ਗਰੁੱਪਾਂ ਨਾਲ ਵੱਡੇ ਪੱਧਰ `ਤੇ ਗੱਲਬਾਤ ਸ਼ਾਮਲ ਹਨ। ਅਸੀਂ ਉਨ੍ਹਾਂ ਹਜ਼ਾਰਾਂ ਲੋਕਾਂ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਵੈਨਕੂਵਰ ਪਲੈਨ ਬਣਾਉਣ ਦੌਰਾਨ ਆਪਣੀ ਰਾਇ ਅਤੇ ਵਿਚਾਰ ਦਿੱਤੇ। ਸਾਡੇ ਵਲੋਂ ਵੈਨਕੂਵਰ ਪਲੈਨ ਨੂੰ ਓ ਡੀ ਪੀ ਬਾਈ-ਲਾਅ ਦੇ ਅਨੁਕੂਲ ਬਣਾਉਣ ਵੇਲੇ ਇਨ੍ਹਾਂ ਦਾ ਅਕਸ ਦਿਖਾਉਣਾ ਜਾਰੀ ਰਹੇਗਾ।

ਮੌਜੂਦਾ ਪੜਾਅ ਵਿੱਚ ਸਲਾਹ-ਮਸ਼ਵਰਾ ਓ ਡੀ ਪੀ ਲਈ ਲੋੜੀਂਦੇ ਬਾਕੀ ਕੰਮਾਂ 'ਤੇ ਕੇਂਦਰਿਤ ਹੋਵੇਗਾ, ਜੋ ਕਿ ਜ਼ਿਆਦਾ ਤਕਨੀਕੀ ਅਤੇ ਪ੍ਰਸ਼ਾਸਕੀ ਹਨ। ਫਸਟ ਨੇਸ਼ਨਜ਼, ਨੇੜਲੀਆਂ ਮਿਊਨਿਸਪੈਲਟੀਜ਼, ਸਕੂਲ ਬੋਰਡਾਂ, ਅਤੇ ਖੇਤਰੀ, ਸੂਬਾਈ ਅਤੇ ਫੈਡਰਲ ਬੋਰਡਾਂ ਅਤੇ ਏਜੰਸੀਆਂ ਨੂੰ ਹਿੱਸਾ ਲੈਣ ਲਈ ਸੱਦਾ ਦਿੱਤਾ ਜਾਵੇਗਾ ਜਿਵੇਂ ਕਿ ਸੂਬਾਈ ਕਾਨੂੰਨ ਮੰਗ ਕਰਦਾ ਹੈ।

### ਬਿੱਲ 18 ਜਨਤਕ ਸੁਣਵਾਈਆਂ ਨੂੰ ਕਿਉਂ ਹਟਾ ਰਿਹਾ ਹੈ?

ਬਿੱਲ 18 ਦਾ ਉਦੇਸ਼ ਮਨਜ਼ੂਰੀਆਂ ਨੂੰ ਤੇਜ਼ ਕਰਨਾ ਅਤੇ ਓ ਡੀ ਪੀ ਨੂੰ ਲਾਗੂ ਕਰਨ ਵਿੱਚ ਲੋਕਾਂ ਅਤੇ ਜਨਤਾ ਅਤੇ ਬਿਨੈਕਾਰਾਂ ਨੂੰ ਭਰੋਸਾ ਦੇਣਾ ਹੈ ਤਾਂ ਜੋ ਅਸੀਂ ਉਹ ਰਿਹਾਇਸ਼ਾਂ ਬਣਾ ਸਕੀਏ ਜਿਸ ਦੀ ਸਾਡੇ ਵਧ ਰਹੇ ਸ਼ਹਿਰ ਨੂੰ ਲੋੜ ਹੈ। ਇਹ ਕਰਨ ਦਾ ਇੱਕ ਤਰੀਕਾ ਉਨ੍ਹਾਂ ਤਜਵੀਜ਼ਾਂ ਲਈ ਜਨਤਕ ਸੁਣਵਾਈ ਦੀ ਸ਼ਰਤ ਨੂੰ ਹਟਾਉਣਾ ਹੈ ਜਿਹੜੀਆਂ ਓ ਡੀ ਪੀ ਦੇ ਮੁਤਾਬਕ ਹਨ। ਇਹ ਸਮੇਂ ਅਤੇ ਸ੍ਰੋਤਾਂ ਦੀ ਬਚਤ ਕਰਦਾ ਹੈ ਅਤੇ ਇਹ ਯਕੀਨੀ ਬਣਾਉਂਦਾ ਹੈ ਕਿ ਨਵੀਂਆਂ ਡਿਵੈਲਪਮੈਂਟਾਂ ਸਾਡੇ ਸਾਂਝੇ ਸਥਾਨਕ ਅਤੇ ਖੇਤਰੀ ਵਿਜ਼ਨ ਨਾਲ ਮੇਲ ਖਾਂਦੀਆਂ ਹਨ।

ਭਾਵੇਂ ਕਿ ਜਨਤਕ ਸੁਣਵਾਈਆਂ ਇਕ ਮਹੱਤਵਪੂਰਨ ਰੋਲ ਨਿਭਾ ਸਕਦੀਆਂ ਹਨ, ਜਨਤਕ ਸੁਣਵਾਈ ਦਾ ਪੜਾਅ ਰੀਜ਼ੋਨਿੰਗ ਦੇ ਕਾਰਜ ਵਿੱਚ ਦੇਰੀ ਨਾਲ ਆਉਂਦਾ ਹੈ ਜਿੱਥੇ ਨਤੀਜਿਆਂ ਨੂੰ ਪ੍ਰਭਾਵਿਤ ਕਰਨ ਦੇ ਮੌਕੇ ਜ਼ਿਆਦਾ ਸੀਮਤ ਹੁੰਦੇ ਹਨ। ਇਹ ਕੰਮ ਲੋਕਾਂ ਲਈ ਹਿੱਸਾ ਲੈਣ ਵਿੱਚ ਪਹੁੰਚ ਅਤੇ ਸਮੇਂ ਦੇ ਮਾਮਲੇ ਵਿੱਚ ਅਸਮਾਨਤਾਵਾਂ ਵੀ ਪੈਦਾ ਕਰ ਸਕਦਾ ਹੈ।

ਅਸੀਂ ਪਲੈਨਿੰਗ ਦੇ ਪੜਾਅ ਦੌਰਾਨ ਲੋਕਾਂ ਨੂੰ ਨਤੀਜੇ ਨੂੰ ਰੂਪ ਦੇਣ ਦੇ ਮੌਕੇ ਪ੍ਰਦਾਨ ਕਰਨ 'ਤੇ ਧਿਆਨ ਕੇਂਦਰਿਤ ਕਰ ਰਹੇ ਹਾਂ, ਅਤੇ ਇਹ ਯਕੀਨੀ ਬਣਾ ਰਹੇ ਹਾਂ ਕਿ ਜਿੰਨਾ ਵੀ ਸੰਭਵ ਹੋ ਸਕੇ ਕਮਿਊਨਟੀ ਦੇ ਵੱਧ ਤੋਂ ਵੱਧ ਮੈਂਬਰਾਂ ਦੀ ਨੁਮਾਇੰਦਗੀ ਅਤੇ ਸ਼ਮੂਲੀਅਤ ਹੋਵੇ।

### ਜਨਤਕ ਸੁਣਵਾਈਆਂ ਤੋਂ ਬਿਨਾਂ, ਲੋਕਾਂ ਦੀ ਆਵਾਜ਼ ਕਿਵੇਂ ਸੁਣੀ ਜਾਵੇਗੀ?

ਡਿਵੈਲਪਮੈਂਟ ਦੀਆਂ ਉਨ੍ਹਾਂ ਤਜਵੀਜ਼ਾਂ ਲਈ ਰੁਕਾਵਟਾਂ ਘਟਾਉਂਦੇ ਹੋਏ ਜਿਹੜੀਆਂ ਵੈਨਕੂਵਰ ਓ ਡੀ ਪੀ ਦੇ ਟੀਚੇ ਪੂਰੇ ਕਰਦੀਆਂ ਹਨ, ਅਸੀਂ ਮਹੱਤਵਪੂਰਨ ਜਨਤਕ ਸ਼ਮੂਲੀਅਤ ਦਾ ਸੰਤੁਲਨ ਰੱਖਣ ਦੀ ਲੋੜ ਨੂੰ ਸਮਝਦੇ ਹਾਂ। ਭਾਵੇਂ ਕਿ ਬਿੱਲ 18 ਹੇਠ ਕੁਝ ਪ੍ਰੋਜੈਕਟਾਂ ਲਈ ਜਨਤਕ ਸੁਣਵਾਈਆਂ ਦੀ ਮਨਾਹੀ ਹੈ, ਅਸੀਂ ਹੇਠ ਲਿਖੇ ਤਰੀਕਿਆਂ ਨਾਲ ਤੁਹਾਡੀ ਆਵਾਜ਼ ਸੁਣੇ ਜਾਣਾ ਯਕੀਨੀ ਬਣਾਵਾਂਗੇ:

- **ਕਾਰਵਾਈ ਵਿੱਚ ਪਹਿਲਾਂ ਸ਼ਾਮਲ ਹੋਣਾ**: ਅਸੀਂ ਲੇਟ 2025 ਵਿੱਚ ਓ ਡੀ ਪੀ ਦਾ ਖਰੜਾ ਲੋਕਾਂ ਵਲੋਂ ਵਿਚਾਰ ਕਰਨ ਅਤੇ ਆਪਣੀ ਰਾਇ ਦੇਣ ਲਈ ਸਾਂਝਾ ਕਰਾਂਗੇ।
- **ਸ਼ੇਪ ਯੂਅਰ ਸਿਟੀ ਪਲੇਟਫਾਰਮ**: ਇਹ ਔਨਲਾਈਨ ਪਲੇਟਫਾਰਮ ਰੀਜ਼ੋਨਿੰਗ ਦੀਆਂ ਐਪਲੀਕੇਸ਼ਨਾਂ ਲਈ ਜਾਰੀ ਰਹਿਣ ਵਾਲੀ ਜਨਤਕ ਸ਼ਮੂਲੀਅਤ ਲਈ ਸਾਡਾ ਮੁੱਖ ਟੂਲ ਹੋਵੇਗਾ। ਹਰੇਕ ਐਪਲੀਕੇਸ਼ਨ ਲਈ ਸਮਰਪਿਤ ਪੇਜ ਅਤੇ ਰਾਇ ਦੇਣ ਲਈ ਬੌਕਸ ਹੋਵੇਗਾ।

- **ਵਰਕਸ਼ਾਪਾਂ ਅਤੇ ਓਪਨ ਹਾਊਸ**: ਅਸੀਂ ਡਿਵੈਲਪਮੈਂਟ ਦੀਆਂ ਤਜਵੀਜ਼ਾਂ ਬਾਰੇ ਰਾਇ ਲੈਣ ਅਤੇ ਜਾਣਕਾਰੀ ਦੇਣ ਲਈ ਲੋੜ ਮੁਤਾਬਕ ਹਾਜ਼ਰੀ ਵਾਲੀਆਂ ਅਤੇ ਵਰਚੂਅਲ ਵਰਕਸ਼ਾਪਾਂ ਅਤੇ ਓਪਨ ਹਾਊਸ ਲਾਉਣਾ ਜਾਰੀ ਰੱਖਾਂਗੇ। ਹਿੱਸਾ ਲੈਣ ਨੂੰ ਉਤਸ਼ਾਹ ਦੇਣ ਲਈ ਇਨ੍ਹਾਂ ਦਾ ਵੱਡੇ ਪੱਧਰ `ਤੇ ਪ੍ਰਚਾਰ ਕੀਤਾ ਜਾਵੇਗਾ।

ਏਰੀਏ ਦੀ ਪਲੈਨਿੰਗ ਦੇ ਕਾਰਜ ਦੌਰਾਨ ਵਾਧੂ ਸ਼ਮੂਲੀਅਤ ਕਰਵਾਈ ਜਾਵੇਗੀ, ਅਤੇ ਸ਼ਹਿਰ ਵਿਚਲੀਆਂ ਰੀਜ਼ੋਨਿੰਗ ਦੀਆਂ ਸਾਰੀਆਂ ਮੌਜੂਦਾ ਕਾਰਵਾਈਆਂ ਲਈ ਸ਼ਮੂਲੀਅਤ ਜਾਰੀ ਰਹੇਗੀ, ਜਿਸ ਵਿੱਚ ਰੀਜ਼ੋਨਿੰਗ ਦਾ ਕੋਈ ਫੈਸਲਾ ਕਰਨ ਤੋਂ ਪਹਿਲਾਂ ਵਿਚਾਰ ਕੀਤੇ ਜਾਣ ਲਈ ਸਟਾਫ ਅਤੇ ਕੌਂਸਲ ਕੋਲ ਆਪਣੇ ਵਿਚਾਰ ਅਤੇ ਟਿੱਪਣੀਆਂ ਦਰਜ ਕਰਵਾਉਣ ਦੀ ਸਮਰੱਥਾ ਵੀ ਸ਼ਾਮਲ ਹੈ।

## ਕੀ ਵੈਨਕੂਵਰ ਓ ਡੀ ਪੀ ਰੀਜ਼ੋਨਿੰਗ ਨੀਤੀ ਹੈ?

ਵੈਨਕੂਵਰ ਓ ਡੀ ਪੀ ਆਪਣੇ ਆਪ ਵਿੱਚ ਇਕ ਰੀਜ਼ੋਨਿੰਗ ਨੀਤੀ ਨਹੀਂ ਹੈ। ਓ ਡੀ ਪੀ ਇਕ ਬਾਈ-ਲਾਅ ਰਾਹੀਂ ਅਪਣਾਈ ਜਾਵੇਗੀ ਅਤੇ ਇਹ ਰੀਜ਼ੋਨਿੰਗ ਦੀਆਂ ਐਪਲੀਕੇਸ਼ਨਾਂ, ਬੁਨਿਆਦੀ ਢਾਂਚੇ ਲਈ ਪੂੰਜੀ-ਨਿਵੇਸ਼ਾਂ ਅਤੇ ਡਿਵੈਲਪਮੈਂਟ ਨੂੰ ਪ੍ਰਭਾਵਿਤ ਕਰਨ ਵਾਲੇ ਉਨ੍ਹਾਂ ਹੋਰ ਮਾਮਲਿਆਂ `ਤੇ ਫੈਸਲੇ ਲੈਣ ਸਮੇਂ ਕੌਂਸਲ ਲਈ ਇਕ ਸੇਧ ਵਜੋਂ ਕੰਮ ਕਰੇਗੀ ਜਿਹੜੇ ਓ ਡੀ ਪੀ ਮੁਤਾਬਕ ਹੋਣੇ ਜ਼ਰੂਰੀ ਹਨ। ਓ ਡੀ ਪੀ ਵਿੱਚ ਉੱਚ-ਪੱਧਰ ਦੀ ਸੇਧ ਅਤੇ ਜਨਰਲਾਈਜ਼ਡ ਲੈਂਡ ਯੂਜ਼ ਪਲੈਨ ਸ਼ਾਮਲ ਹੋਣਗੇ ਜੋ ਕਿ ਕੌਂਸਲ ਵਲੋਂ ਅਪਣਾਈਆਂ ਗਈਆਂ ਏਰੀਆ ਪਲੈਨਾਂ ਰਾਹੀਂ ਬਣਾਈਆਂ ਗਈਆਂ ਰੀਜ਼ੋਨਿੰਗ ਦੀਆਂ ਮੌਜੂਦਾ ਪੌਲਸੀਆਂ ਦਾ ਵਰਣਨ ਕਰਨਗੇ। ਵੈਨਕੂਵਰ ਪਲੈਨ (2022) ਵਿੱਚ ਇਕ ਲੈਂਡ ਯੂਜ਼ ਸਟਰੈਟਜੀ ਮੈਪ ਸ਼ਾਮਲ ਸੀ ਜੋ ਕਿ ਸ਼ਹਿਰ ਲਈ ਇਕ ਸਾਂਝਾ ਵਿਜ਼ਨ ਦਰਸਾਉਣਾ ਜਾਰੀ ਰੱਖੇਗਾ ਕਿ ਆਉਣ ਵਾਲੇ ਦਹਾਕਿਆਂ ਦੌਰਾਨ ਸ਼ਹਿਰ ਕਿਵੇਂ ਵਧੇਗਾ ਅਤੇ ਵਿਕਸਿਤ ਹੋਵੇਗਾ, ਪਰ ਇਹ ਰੀਜ਼ੋਨਿੰਗ ਦੀ ਆਗਿਆ ਦੇਣ ਵਾਲੀ ਕੋਈ ਨੀਤੀ ਵੀ ਨਹੀਂ ਹੈ।

ਓ ਡੀ ਪੀ ਵਿੱਚ ਸ਼ਾਮਲ ਨੀਤੀਆਂ ਨੂੰ ਸਮੇਂ ਦੇ ਨਾਲ ਇਨ੍ਹਾਂ ਰਾਹੀਂ ਲਾਗੂ ਕੀਤਾ ਜਾਵੇਗਾ:

- ਏਰੀਆ ਪਲੈਨਾਂ
- ਰੀਜ਼ੋਨਿੰਗ ਨੀਤੀਆਂ
- ਜ਼ੋਨਿੰਗ ਅਤੇ ਡਿਵੈਲਪਮੈਂਟ ਬਾਈ-ਲਾਅ
- ਕੀਤੇ ਗਏ ਹੋਰ ਕੰਮ

## ਕੀ ਓ ਡੀ ਪੀ ਵੱਖ ਵੱਖ ਗੁਆਂਢਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਖਤਮ ਕਰ ਦੇਵੇਗੀ?

ਨਹੀਂ, ਓ ਡੀ ਪੀ ਉੱਚੇ ਪੱਧਰ, ਲੰਮੇ ਖੇਤਰ ਦਾ ਵਿਜ਼ਨ ਹੈ। ਵੈਨਕੂਵਰ ਪਲੈਨ ਤੋਂ ਸਿੱਧਾ ਅਪਣਾਉਂਦੇ ਹੋਏ, ਓ ਡੀ ਪੀ ਇਹ ਮਾਨਤਾ ਦੇਵੇਗੀ ਕਿ ਕੁਝ ਏਰੀਏ, ਜਿਵੇਂ ਕਿ ਗੈਸਟਾਊਨ ਜਾਂ ਚਾਇਨਟਾਊਨ ਦੇ ਆਂਢ-ਗੁਆਂਢ ਦੀਆਂ ਵੱਖਰੀਆਂ ਵਿਸ਼ੇਸ਼ਤਾਵਾਂ ਹਨ ਜਿਨ੍ਹਾਂ ਨੂੰ ਧਿਆਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ ਪਰ ਉਨ੍ਹਾਂ ਬਾਰੇ ਡੂੰਘਿਆਈ ਵਿੱਚ ਗੱਲ ਨਹੀਂ ਕੀਤੀ ਜਾਵੇਗੀ। ਏਰੀਆ ਪਲੈਨਾਂ ਇਨ੍ਹਾਂ ਗੁਆਂਢਾਂ ਲਈ ਵਿਸਤਾਰਪੂਰਬਕ ਸੇਧਾਂ ਦੇਵੇਗੀ ਜਿਹੜੀਆਂ ਉਨ੍ਹਾਂ ਦੇ ਵਿਲੱਖਣ ਸੰਦਰਭਾਂ ਨੂੰ ਦਰਸਾਉਂਦੀਆਂ ਹਨ।

## ਏਰੀਆ ਪਲੈਨਾਂ ਬਾਰੇ ਕੀ ਕਹਿਣਾ ਹੈ? ਉਹ ਇਸ ਵਿੱਚ ਕਿਵੇਂ ਫਿੱਟ ਹੁੰਦੀਆਂ ਹਨ?

ਏਰੀਆ ਪਲੈਨਾਂ ਸਥਾਨਕ ਪੱਧਰ `ਤੇ ਭਵਿੱਖ ਵਿਚ ਜ਼ਮੀਨ ਦੀ ਵਰਤੋਂ, ਡਿਵੈਲਪਮੈਂਟ, ਅਤੇ ਬਿਲਡਿੰਗ ਦੇ ਰੂਪ `ਤੇ ਵਿਸਥਾਰ ਵਿੱਚ ਸੇਧ ਪ੍ਰਦਾਨ ਕਰਦੀਆਂ ਹਨ ਜੋ ਮੈਟਰੋ 2050 ਰਾਹੀਂ ਵਿਆਪਕ ਖੇਤਰੀ ਟੀਚਿਆਂ ਨੂੰ ਅੱਗੇ ਵਧਾਉਂਦੀਆਂ ਹਨ ਅਤੇ ਵੈਨਕੂਵਰ ਦੀ ਓ ਡੀ ਪੀ ਵਿਚ ਦਰਸਾਈਆਂ ਗਈਆਂ ਹਨ। ਲੋਕਾਂ ਨੂੰ ਭਵਿੱਖ ਦੀਆਂ ਏਰੀਆ ਪਲੈਨਾਂ ਵਿੱਚ ਆਪਣੇ ਵਿਚਾਰ ਦੇਣ ਦੇ ਮੌਕੇ ਮਿਲਣੇ ਜਾਰੀ ਰਹਿਣਗੇ।